# ਰੈਜ਼ੀਡੈਂਸ਼ਲ ਗਾਹਕਾਂ ਦੀਆਂ ਯੂਜ਼ਰ ਫੀਸਾਂ
# ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ਰੈਫਰ ਕਦੋਂ ਕਰਨਾ ਹੈ

ਜਦੋਂ ਇਸ ਚੀਜ਼ ਬਾਰੇ ਫਿਕਰ ਹੋਣ ਕਿ ਕਿਸੇ ਰੈਜ਼ੀਡੈਂਸ਼ਲ (ਰਿਹਾਇਸ਼ੀ) ਸਥਾਨ ਵਿਚਲਾ ਕੋਈ ਬਾਲਗ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਯੋਗ ਨਹੀਂ ਰਿਹਾ, ਜਾਂ ਇਹ ਕਿ ਅਸਮਰੱਥ ਬਾਲਗ ਦੇ ਵਿੱਤੀ ਫੈਸਲੇ ਕਰਨ ਵਾਲਾ (ਜਿਵੇਂ ਪੌਵਰ ਔਫ ਅਟਾਰਨੀ, ਨੁਮਾਇੰਦਾ, ਕਮੇਟੀ ਜਾਂ ਪੈਨਸ਼ਨ ਟਰੱਸਟੀ) ਬਾਲਗ ਦੇ ਪੈਸੇ-ਧੇਲੇ ਦੀ ਦੁਰਵਰਤੋਂ ਜਾਂ ਮਾੜਾ ਪ੍ਰਬੰਧ ਕਰ ਰਿਹਾ ਹੈ ਤਾਂ ਅਗਾਂਹ ਪੜਤਾਲ ਕਰਨ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਕੋਲ ਰੈਫਰਲ ਕੀਤੀ ਜਾ ਸਕਦੀ ਹੈ।

ਬੁਰੇ ਵਰਤਾਉ, ਅਣਗਹਿਲੀ ਅਤੇ ਸਵੈ-ਅਣਗਹਿਲੀ ਬਾਰੇ ਫਿਕਰਾਂ ਦੀ ਰਿਪੋਰਟ ਵੀ *ਅਡੱਲਟ ਗਾਰਡੀਅਨਸ਼ਿਪ ਐਕਟ* ਅਧੀਨ ਕਿਸੇ ਨਿਯੁਕਤ ਏਜੰਸੀ ਕੋਲ ਕੀਤੀ ਜਾ ਸਕਦੀ ਹੈ (ਜਿਵੇਂ ਹੈਲਥ ਅਥਾਰਟੀਆਂ ਅਤੇ ਕਮਿਉਨਟੀ ਲਿਵਿੰਗ ਬੀ ਸੀ)।

ਇਹ ਫਿਕਰ ਅਕਸਰ ਪਹਿਲਾਂ ਉਦੋਂ ਨੋਟ ਕੀਤੇ ਜਾਂਦੇ ਹਨ ਜਦੋਂ ਯੂਜ਼ਰ (ਵਰਤੋਂ ਕਰਨ ਦੀਆਂ) ਫੀਸਾਂ ਨਹੀਂ ਦਿੱਤੀਆਂ ਜਾ ਰਹੀਆਂ ਜਾਂ ਬਾਲਗ ਦੀਆਂ ਹੋਰ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ।

ਪਰ, ਲਾਗੂ ਹੋਣ ਵਾਲੇ ਰੇਟ ਜਾਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਸੰਬੰਧ ਵਿਚ ਬਾਲਗ ਜਾਂ ਬਾਲਗ ਲਈ ਵਿੱਤੀ ਫੈਸਲੇ ਕਰਨ ਵਾਲੇ ਅਤੇ ਫਾਸਿਲਟੀ (ਸਥਾਨ) ਵਿਚਕਾਰ ਝਗੜਿਆਂ ਦਾ ਹੱਲ ਕਰਨ ਵਿਚ ਪੀ ਜੀ ਟੀ ਦਾ ਕੋਈ ਰੋਲ ਨਹੀਂ ਹੈ।

ਇਨ੍ਹਾਂ ਹਾਲਤਾਂ ਵਿਚ, ਦੋਨੋਂ ਧਿਰਾਂ ਝਗੜਿਆਂ ਦੇ ਹੱਲ ਲਈ ਉਪਲਬਧ ਹੋਰ ਵਸੀਲਿਆਂ ਤੱਕ ਪਹੁੰਚ ਕਰ ਸਕਦੀਆਂ ਹਨ।

## ਪੀ ਜੀ ਟੀ ਦੀ ਪੜਤਾਲ ਦਾ ਮੰਤਵ ਅਤੇ ਸੰਭਵ ਨਤੀਜੇ

- ਪੀ ਜੀ ਟੀ ਇਹ ਫੈਸਲਾ ਕਰਨ ਲਈ *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ* ਅਧੀਨ ਆਪਣੇ ਅਧਿਕਾਰ ਮੁਤਾਬਕ ਇਨ੍ਹਾਂ ਫਿਕਰਾਂ ਦੀ ਪੜਤਾਲ ਕਰਦਾ ਹੈ ਕਿ ਕੀ ਬਾਲਗ ਨੂੰ ਜੋ ਕਿ ਅਸਮਰੱਥ ਹੋ ਗਿਆ ਹੋ ਸਕਦਾ ਹੈ, ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਮਦਦ ਦੀ ਲੋੜ ਹੈ ਜਾਂ ਨਹੀਂ।
- ਜੇ ਮਦਦ ਦੀ ਲੋੜ ਹੋਵੇ ਤਾਂ ਇਹ ਪਤਾ ਲਾਉਣ ਲਈ ਕਿ ਕੀ ਗੈਰ-ਰਸਮੀ ਹੱਲ ਢੁਕਵੇਂ ਹਨ ਜਾਂ ਕੀ ਬਾਲਗ ਦੀ ਜ਼ਿੰਦਗੀ ਵਿਚ ਕੋਈ ਵਿਅਕਤੀ ਹੈ ਜਿਹੜਾ ਮਦਦ ਕਰ ਸਕਦਾ ਹੈ, ਪੀ ਜੀ ਟੀ ਅਗਾਂਹ ਹੋਰ ਪੜਤਾਲ ਕਰਦਾ ਹੈ।
- ਜੇ ਕੋਈ ਬੁਰਾ ਵਰਤਾਉ ਜਾਂ ਭੈੜਾ ਪ੍ਰਬੰਧ ਨਾ ਹੋਵੇ ਤਾਂ ਪੀ ਜੀ ਟੀ ਆਪਣੀ ਪੜਤਾਲ ਖਤਮ ਕਰ ਦਿੰਦਾ ਹੈ।
- ਜੇ ਬਾਲਗ ਨੂੰ ਮਦਦ ਦੀ ਲੋੜ ਹੋਵੇ ਅਤੇ ਮਦਦ ਕਰਨ ਦੇ ਕੋਈ ਯੋਗ ਨਾ ਹੋਵੇ ਤਾਂ ਪੀ ਜੀ ਟੀ ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਰਨ ਲਈ ਕਾਨੂੰਨੀ ਅਧਿਕਾਰ ਵਰਤ ਸਕਦਾ ਹੈ, ਆਮ ਤੌਰ ’ਤੇ ਇਸਟੇਟ ਦੀ ਕਮੇਟੀ ਦੇ ਤੌਰ ’ਤੇ (ਹੇਠਾਂ ਦੇਖੋ)।
- ਪੀ ਜੀ ਟੀ ਸਿਰਫ ਬਾਲਗ ਦੇ ਕਰਜ਼ਿਆਂ ਬਾਰੇ ਝਗੜਿਆਂ ਦੇ ਹੱਲ ਕਰਨ ਲਈ ਪੜਤਾਲ ਨਹੀਂ ਕਰਦਾ।

## ਪੜਤਾਲ ਦੌਰਾਨ ਸੰਪਤੀ ਦੀ ਰੱਖਿਆ ਕਰਨ ਦਾ ਪੀ ਜੀ ਟੀ ਦਾ ਅਧਿਕਾਰ

- ਜੇ ਇਸ ਚੀਜ਼ ਬਾਰੇ ਫਿਕਰ ਹੋਣ ਕਿ ਬਾਲਗ ਦੀ ਸੰਪਤੀ ਨੂੰ ਫੌਰੀ ਤੌਰ ’ਤੇ ਬਚਾਉਣ ਦੀ ਲੋੜ ਹੈ ਤਾਂ ਪੀ ਜੀ ਟੀ ਕੋਲ ਬਾਲਗ ਦੀ ਸੰਪਤੀ ਦੀ ਰੱਖਿਆ ਕਰਨ ਲਈ ਕਦਮ ਚੁੱਕਣ ਦਾ ਅਧਿਕਾਰ ਹੈ। ਇਸ ਵਿਚ ਬਾਲਗ ਦੇ ਬੈਂਕ ਅਕਾਊਂਟ ਤੱਕ 120 ਦਿਨਾਂ ਤੱਕ ਪਹੁੰਚ ਕਰਨ ’ਤੇ ਪਾਬੰਦੀ ਲਾਉਣਾ ਵੀ ਸ਼ਾਮਲ ਹੈ।
    - ਜਦੋਂ ਅਕਾਊਂਟ ਤੱਕ ਪਹੁੰਚ ਸੀਮਤ ਕਰ ਦਿੱਤੀ ਜਾਂਦੀ ਹੈ ਤਾਂ ਪੀ ਜੀ ਟੀ ਇਹ ਹਿਦਾਇਤ ਕਰ ਸਕਦਾ ਹੈ ਕਿ ਅਕਾਊਂਟ ਤੱਕ ਪਹੁੰਚ ਖਾਣੇ, ਰਿਹਾਇਸ਼ ਅਤੇ ਰੋਜ਼ਾਨਾ ਰਹਿਣੀ ਲਈ ਲੋੜੀਂਦੀਆਂ ਰਕਮਾਂ ਤੱਕ ਹੀ ਸੀਮਤ ਹੈ।
    - ਪੀ ਜੀ ਟੀ ਇਹ ਹਿਦਾਇਤ ਵੀ ਕਰ ਸਕਦਾ ਹੈ ਕਿ ਪ੍ਰੀਔਥੋਰਾਈਜ਼ਡ ਕੀਤੀਆਂ ਹੋਈਆਂ ਪੇਮੈਂਟਾਂ ਜਿਵੇਂ ਕਿ ਕਿਰਾਇਆ, ਯੂਜ਼ਰ ਫੀਸਾਂ, ਮੌਰਗੇਜ ਦੀਆਂ ਪੇਮੈਂਟਾਂ, ਜਾਂ ਇਨਸ਼ੋਰੈਂਸ ਜਾਰੀ ਰੱਖੀਆਂ ਜਾਣ।

PUBLIC GUARDIAN
AND TRUSTEE OF
BRITISH COLUMBIA

- ਸੰਪਤੀ ਦੀ ਰੱਖਿਆ ਕਰਨ ਲਈ ਆਪਣੇ ਅਧਿਕਾਰ ਦੀ ਵਰਤੋਂ ਕਰਨ ਵੇਲੇ, ਪੀ ਜੀ ਟੀ ਕੋਲ ਇਹ ਕਰਨ ਦਾ ਅਧਿਕਾਰ ਨਹੀਂ ਹੁੰਦਾ:
    - ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦਾ,
    - ਲੈਣਦਾਰਾਂ ਲਈ ਨਵੀਂਆਂ ਪੇਮੈਂਟਾਂ ਤੈਅ ਕਰਨ ਜਾਂ ਪੇਮੈਂਟਾਂ ਦਾ ਅਧਿਕਾਰ ਦੇਣ ਦਾ,
    - ਬਾਲਗ ਦੀ ਥਾਂ 'ਤੇ ਬਦਲਵੇਂ ਵਿੱਤੀ ਫੈਸਲੇ ਕਰਨ ਵਾਲੇ ਨੂੰ ਹਿਦਾਇਤ ਦੇਣ ਦਾ, ਜਾਂ
    - ਬਕਾਇਆ ਰਹਿੰਦੀਆਂ ਰਕਮਾਂ ਲਈ ਸਥਾਨ ਦੀ ਵਰਤੋਂ ਦੇ ਰੇਟ ਜਾਂ ਰੀਪੇਮੈਂਟ ਦੀਆਂ ਪਲੈਨਾਂ ਬਣਾਉਣ ਦਾ।

## ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਪੀ ਜੀ ਟੀ ਅਧਿਕਾਰ ਕਿਵੇਂ ਲੈਂਦਾ ਹੈ

- ਜੇ ਪੀ ਜੀ ਟੀ ਇਸਟੇਟ ਦੀ ਕਮੇਟੀ ਬਣ ਜਾਂਦਾ ਹੈ ਤਾਂ ਪੀ ਜੀ ਟੀ ਕੋਲ ਬਾਲਗ ਦੇ ਮਾਮਲਿਆਂ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਹੁੰਦਾ ਹੈ।
- ਇਸਟੇਟ ਦੀ ਕਮੇਟੀ ਬਣਨ ਲਈ ਪੀ ਜੀ ਟੀ ਕਦਮ ਚੁੱਕੇਗਾ ਜੇ:
    - ਬਾਲਗ ਦੀ ਥਾਂ 'ਤੇ ਵਿੱਤੀ ਫੈਸਲੇ ਕਰਨ ਵਾਲੇ ਦੇ ਪ੍ਰਬੰਧ ਬਾਰੇ ਫਿਕਰਾਂ ਦਾ ਹੱਲ ਨਹੀਂ ਕੀਤਾ ਜਾ ਸਕਦਾ, ਜਾਂ
    - ਬਾਲਗ ਨੂੰ ਮਦਦ ਦੀ ਲੋੜ ਹੈ ਅਤੇ ਕੋਈ ਹੋਰ ਉਪਲਬਧ ਨਹੀਂ ਹੈ ਜਾਂ ਮਦਦ ਕਰਨ ਲਈ ਢੁਕਵਾਂ ਨਹੀਂ ਹੈ।
- ਇਸਟੇਟ ਦੀ ਕਮੇਟੀ ਬਣਨ ਲਈ ਕੋਰਟ ਦੇ ਆਰਡਰ ਜਾਂ ਅਸਮਰੱਥਾ ਦੇ ਸਰਟੀਫਿਕੇਟ ਦੀ ਲੋੜ ਹੁੰਦੀ ਹੈ। ਹਰ ਇਕ ਕਾਰਵਾਈ ਨੂੰ 6 ਮਹੀਨੇ ਜਾਂ ਜ਼ਿਆਦਾ ਸਮਾਂ ਲੱਗ ਸਕਦਾ ਹੈ ਜੋ ਕਿ ਹਾਲਤਾਂ ਅਤੇ ਉਲਝਣਾਂ 'ਤੇ ਨਿਰਭਰ ਕਰਦਾ ਹੈ ਅਤੇ ਨਤੀਜੇ ਵਜੋਂ ਇਹ ਕੁਝ ਹਾਲਤਾਂ ਵਿਚ ਢੁਕਵਾਂ ਨਹੀਂ ਹੋ ਸਕਦਾ ਹੈ।
- ਕੁਝ ਹਾਲਤਾਂ ਵਿਚ, ਪੀ ਜੀ ਟੀ ਫੈਡਰਲ ਪੈਨਸ਼ਨਾਂ ਲੈਣ ਲਈ ਅਤੇ ਬਾਲਗ ਦੇ ਖਰਚੇ ਦੇਣ ਲਈ ਪੈਨਸ਼ਨ ਟਰੱਸਟੀ ਵਜੋਂ ਨਿਯੁਕਤ ਕੀਤੇ ਜਾਣ ਲਈ ਕਦਮ ਚੁੱਕ ਸਕਦਾ ਹੈ।

## ਪੀ ਜੀ ਟੀ ਵਲੋਂ ਇਸਟੇਟ ਦੀ ਕਮੇਟੀ ਬਣਨ 'ਤੇ ਨਾ ਦਿੱਤੀਆਂ ਗਈਆਂ ਯੂਜ਼ਰ ਫੀਸਾਂ ਦਾ ਨਿਪਟਾਰਾ ਕਰਨਾ

- ਕਮੇਟੀ ਵਜੋਂ ਨਿਯੁਕਤ ਹੋਣ 'ਤੇ, ਪੀ ਜੀ ਟੀ ਬਾਲਗ ਦੀਆਂ ਸਾਰੀਆਂ ਸੰਪਤੀਆਂ ਅਤੇ ਦੇਣਦਾਰੀਆਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਜੇ ਢੁਕਵੇਂ ਫੰਡਾਂ ਦੇ ਮੌਜੂਦ ਹੋਣ ਦੀ ਤਸਦੀਕ ਹੋ ਜਾਵੇ ਤਾਂ ਮਹੀਨਾਵਾਰ ਯੂਜ਼ਰ ਫੀਸਾਂ ਦਿੱਤੀਆਂ ਜਾਂਦੀਆਂ ਹਨ। ਆਮ ਤੌਰ 'ਤੇ, ਲਾਗੂ ਹੋਣ ਵਾਲੇ ਰੇਟ ਦਾ ਫੈਸਲਾ ਹੋਣ ਤੱਕ ਘੱਟੋ ਘੱਟ ਯੂਜ਼ਰ ਫੀਸ ਰੇਟ ਦਿੱਤਾ ਜਾਂਦਾ ਹੈ।
- ਪੂਰੀ ਵਿੱਤੀ ਜਾਣਕਾਰੀ ਉਪਲਬਧ ਹੋ ਜਾਣ ਤੋਂ ਬਾਅਦ, ਪੀ ਜੀ ਟੀ ਸਾਰੀਆਂ ਦੇਣਦਾਰੀਆਂ ਦੇ ਕਲੇਮਾਂ ਦੀ ਨਜ਼ਰਸਾਨੀ ਅਤੇ ਮੁਲਾਂਕਣ ਕਰੇਗਾ, ਜਿਨ੍ਹਾਂ ਵਿਚ ਨਾ ਦਿੱਤੀਆਂ ਗਈਆਂ ਯੂਜ਼ਰ ਫੀਸਾਂ ਵੀ ਸ਼ਾਮਲ ਹਨ। ਢੁਕਵੇਂ ਫੰਡਾਂ ਦੇ ਉਪਲਬਧ ਹੋਣ 'ਤੇ ਮਨਜ਼ੂਰਸ਼ੁਦਾ ਕਲੇਮਾਂ ਦਾ ਤੁਰੰਤ ਭੁਗਤਾਨ ਕਰ ਦਿੱਤਾ ਜਾਂਦਾ ਹੈ। ਜਿੱਥੇ ਜ਼ਰੂਰੀ ਹੋਵੇ, ਸਥਾਨ ਨਾਲ ਅਦਾਇਗੀ ਦੀ ਪਲੈਨ ਬਣਾਈ ਜਾਂਦੀ ਹੈ।
- ਦੇਣਦਾਰੀਆਂ ਦੀਆਂ ਸਾਰੀਆਂ ਅਦਾਇਗੀਆਂ ਲਈ ਪੀ ਜੀ ਟੀ ਵਲੋਂ ਅਧਿਕਾਰ ਦਿੱਤਾ ਜਾਣਾ ਜ਼ਰੂਰੀ ਹੈ। ਪੀ ਜੀ ਟੀ ਸਥਾਨਾਂ ਨੂੰ ਯੂਜ਼ਰ ਫੀਸਾਂ ਦੀ ਅਦਾਇਗੀ ਲਈ ਬਾਲਗ ਦੇ ਲੋੜੀਂਦੇ ਅਕਾਊਂਟ ਤੱਕ ਪਹੁੰਚ ਕਰਨ ਦੀ ਆਗਿਆ ਨਹੀਂ ਦਿੰਦੇ।

## ਬਾਲਗ ਦੀ ਮੌਤ ਤੋਂ ਬਾਅਦ ਯੂਜ਼ਰ ਫੀਸਾਂ ਅਤੇ ਹੋਰ ਖਰਚਿਆਂ ਦੀ ਪੇਮੈਂਟ

- ਜੇ ਪੀ ਜੀ ਟੀ ਕਮੇਟੀ ਹੈ ਤਾਂ ਪੀ ਜੀ ਟੀ ਨੂੰ ਇਸਟੇਟ ਦੇ ਪ੍ਰਬੰਧ ਲਈ ਨਿੱਜੀ ਨੁਮਾਇੰਦਾ ਨਿਯੁਕਤ ਹੋ ਜਾਣ ਤੱਕ ਸੰਪਤੀ ਦੀ ਰੱਖਿਆ ਕਰਨਾ ਜਾਰੀ ਰੱਖਣ ਦਾ ਅਧਿਕਾਰ ਹੈ।
- ਨਿੱਜੀ ਨੁਮਾਇੰਦੇ ਦੀ ਨਿਯੁਕਤੀ ਹੋਣ ਦੇ ਸਮੇਂ ਦੌਰਾਨ, ਕਮੇਟੀ ਵਜੋਂ ਪੀ ਜੀ ਟੀ ਸੰਸਕਾਰ ਦੇ ਖਰਚਿਆਂ ਲਈ ਅਤੇ ਤਾਜ਼ੀਆਂ ਇਨਵੋਆਇਸਾਂ ਦੀ ਅਦਾਇਗੀ ਕਰਨ ਲਈ ਪੈਸੇ ਦੇ ਸਕਦਾ ਹੈ (ਜਿਵੇਂ ਪਿਛਲੇ ਮਹੀਨ ਦੀਆਂ ਯੂਜ਼ਰ ਫੀਸਾਂ ਜਾਂ ਫਾਰਮੇਸੀ ਦੇ ਬਿੱਲ)। ਲੈਣਦਾਰਾਂ ਨੂੰ ਸਾਰੀਆਂ ਹੋਰ ਪੇਮੈਂਟਾਂ ਰੁਕ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਹੱਲ ਨਿੱਜੀ ਨੁਮਾਇੰਦੇ ਵਲੋਂ ਕੀਤਾ ਜਾਣਾ ਜ਼ਰੂਰੀ ਹੈ।
- ਜੇ ਬਾਲਗ ਦੀ ਵਸੀਅਤ ਵਿਚ ਪੀ ਜੀ ਟੀ ਨੂੰ ਵਸੀਅਤ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ ਹੈ ਜਾਂ ਜੇ ਇਸਟੇਟ ਦੇ ਪ੍ਰਬੰਧ ਲਈ ਨਿਯੁਕਤ ਕੀਤੇ ਜਾਣ ਲਈ ਪੀ ਜੀ ਟੀ ਕੋਰਟ ਕੋਲ ਅਪਲਾਈ ਕਰਦਾ ਹੈ ਤਾਂ ਇਸਟੇਟ ਦਾ ਪ੍ਰਬੰਧ ਪੀ ਜੀ ਟੀ ਦੀ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਡਿਵੀਜ਼ਨ ਵਲੋਂ ਚਲਾਇਆ ਜਾਂਦਾ ਹੈ।

ਪੀ ਜੀ ਟੀ ਦੀਆਂ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲਈ www.trustee.bc.ca 'ਤੇ ਪੀ ਜੀ ਟੀ ਦੇ ਵੈੱਬਸਾਈਟ 'ਤੇ ਜਾਉ।